Surrey Schools
LEADERSHIP IN LEARNING

Tel: 604.596.7733
www.sd36.bc.ca

# ਇਨਰ ਸਿਟੀ ਸਕੂਲ ਦੇ ਵਿਦਿਆਰਥੀਆਂ ਲਈ ਇੱਕ ਯਾਦਗਰ ਸੈਰ-ਸਪਾਟਾ

## Replica/Toy Guns

ਜਨਵਰੀ ਦੇ ਮਹੀਨੇ ਲੀਨਾ ਸ਼ਾਅ ਸਕੂਲ ਦੇ 5ਵੀਂ ਕਲਾਸ ਦੇ ਬੱਚਿਆਂ ਨੇ ਇੱਕ ਯਾਦਗਰ ਸੈਰ-ਸਪਾਟੇ ਵਿੱਚ ਹਿੱਸਾ ਲਿਆ।

ਇਹ ਦਿਨ ਸ਼ੁਰੂ ਹੋਇਆ ਪੀਸ ਆਰਚ ਹੋਸਪੀਟਲ ਦੀ ਯਾਤਰਾ ਨਾਲ, ਜਿਸ ਵਿੱਚ ਵਿਦਿਆਰਥੀਆਂ ਨੂੰ ਹੌਸਪੀਟਲ ਸਬੰਧੀ ਨੋਕਰੀਆਂ ਬਾਰੇ ਜਾਣਕਾਰੀ ਲਈ ਜਿਸ ਵਿੱਚ ਨਰਸ ਬਣਨ ਤੋਂ ਲੈ ਕਿ ਸਿਹਤ ਦੇ ਖੇਤਰ ਵਿੱਚ ਹੋਰ ਪਰੋਫੈਸ਼ਨਲ ਨੌਕਰੀਆਂ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਸਿਹਤ ਦੇ ਖੇਤਰ ਦੇ ਵੱਖ ਵੱਖ ਖੇਤਰਾਂ ਵਿੱਚ ਨੌਕਰੀਆਂ ਲੈਣ ਲਈ ਲੋੜੀਂਦੀ ਪੜ੍ਹਾਈ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸਕੂਲ ਵਿੱਚ ਰਹਿ ਕਿ ਪੜ੍ਹਾਈ ਕਰਨ ਲਈ ਪ੍ਰੇਰਿਆ ਗਿਆ।

ਇਸ ਤੋਂ ਮਗਰੋਂ ਬੱਚਿਆਂ ਨੇ ਵੈਨਕੂਵਰ ਕੈਨਕੱਸ ਦੀ ਗੇਮ ਰੌਜਰਜ਼ ਏਰੀਨਾ ਵਿੱਚ ਸੈਨ ਹੋਜ਼ੇ ਦੀ ਟੀਮ ਵਿਰੁੱਧ ਦੇਖੀ। ਇਸ ਗੇਮ ਵਿੱਚ ਵੈਨਕੂਵਰ ਦੀ ਟੀਮ ਨੇ ਜਿੱਤ ਪ੍ਰਾਪਿਤ ਕੀਤੀ। ਬੱਚਿਆਂ ਨੇ ਗੇਮ ਬਹੁਤ ਓਤਸ਼ਾਹ ਨਾਲ ਦੇਖੀ ਅਤੇ ਗੇਮ ਦੇ ਹਰ ਸੰਕਿਟ ਦਾ ਬਹੁਤ ਹੀ ਅੰਨਦ ਮਾਣਿਆ।

ਇਸ ਤੋਂ ਮਗਰੋਂ ਦਿਨ ਦੇ ਅੰਤ ਵਿੱਚ ਬੱਚਿਆਂ ਨੇ ਇੱਕ ਬਹੁਤ ਹੀ ਵਧੀਆ ਖਾਣਾ ਪੈਨ ਪੈਸਿਫਕ ਹੋਟਲ ਵਿੱਚ ਖਾਧਾ।

ਇਹ ਸਾਰੀ ਯਾਤਰਾ ਕਮੋਲਿਕ ਫਾਉਂਡੇਸ਼ਨ ਨੇ ਕਮਿਊਨਟੀ ਸਕੂਲਜ਼ ਰਾਹੀਂ ਸਗੰਠਨ ਕੀਤੀ ਸੀ। ਇਹ ਫਾਊਂਡੇਸ਼ਨ ਸਰ੍ਹੀ ਦੇ ਨਾਗਰਿਕਾਂ ਐਲਨ ਅਤੇ ਰੱਸ ਕਮੋਲਿਕ ਵਲੋਂ ਸਥਾਪਿਤ ਕੀਤੀ ਗਈ ਸੀ ਅਤੇ ਓਹਨਾਂ ਦਾ ਇਸ ਸਕੂਲ ਦੇ ਨਾਲ ਇੱਕ ਖਾਸ ਨਾਤਾ ਹੋਣ ਦੇ ਅਧਾਰਤ ਬੱਚਿਆਂ ਲਈ ਸਕੂਲ ਤੋਂ ਬਾਹਰ ਜਾਣ ਲਈ ਅਤੇ ਹੋਰ ਕਈ ਤਰਾਂ ਦੇ ਪ੍ਰੋਗਰਾਮਾਂ ਦਾ ਖਰਚ ਕੀਤਾ ਜਾਂਦਾ ਰਿਹਾ ਹੈ। ਇਸ ਸੰਸਥਾ ਰਾਂਹੀ 30,000 ਡਾਲਰ ਸਰ੍ਹੀ ਤੋਂ ਸਕੂਲ ਸਮਾਪਿਤ ਕਰਨ ਵਾਲੇ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਇਹਨਾਂ ਵਿੱਚੋਂ ਇੱਕ ਬੱਚਾ ਲੀਨਾ ਸ਼ਾਅ ਸਕੂਲ ਦਾ ਗਰੈਜੂਏਟ ਸੀ।

ਲੀਨਾ ਸ਼ਾਅ ਦੇ ਪ੍ਰਿੰਸੀਪਲ, ਗੈਰੀ ਬੌਡਨਰ ਨੇ ਕਿਹਾ, " ਇਹ ਇੱਕ ਬਿਲਕੁਲ ਕਮਾਲ ਦਾ ਦਿਨ ਸੀ ਜੋ ਬੱਚੇ ਸਾਰੀ ਓਮਰ ਯਾਦ ਰੱਖਣਗੇ।" ਓਹਨ੍ਹਾ ਨੇ ਦੱਸਿਆ ਕਿ, "ਕਮੋਲਿਕ ਸੰਸਥਾ ਦਾ ਤਹਿ ਦਿਲੋਂ ਧੰਨਵਾਦ ਅਤੇ ਨਾਲ ਹੀ ਸਾਰੇ ਮਾਪਿਆਂ ਦਾ ਜਿਹਨਾਂ ਨੇ ਆਪਣਾ ਸਮਾਂ ਵਲੰਟੀਅਰ ਦੇ ਤੌਰ ਓਪਰ ਕੱਡਿਆ ਅਤੇ ਬੱਚਿਆਂ ਦੀ ਇਸ ਯਾਤਰਾ ਦੌਰਾਨ ਨਿਗਰਾਨੀ ਕੀਤੀ।"

ਸਰ੍ਹੀ ਸਕੂਲ ਬੋਰਡ ਨੇ ਜੂਨ 2009 ਨੂੰ ਕਮੋਲਿਕ ਸੰਸਥਾ ਦੀ ਸਰ੍ਹੀ ਦੇ ਗਰੀਬ ਬੱਚਿਆਂ ਲਈ ਦਿਆਲਤਾ ਅਤੇ ਹਮਦਰਦੀ ਦਾ ਸਨਮਾਨ ਕੀਤਾ ਸੀ। ਇਸ ਤਰਾਂ ਦੀਆਂ ਕਈ ਹੋਰ ਯਾਤਰਾਵਾਂ ਪਿਛਲੇ ਕੁੱਝ ਸਾਲਾਂ ਵਿੱਚ ਲੀਨਾ ਸ਼ਾਅ ਦੇ ਬੱਚਿਆਂ ਲਈ ਕਮੋਲਿਕ ਸੰਸਥਾ ਵਲੋਂ ਸਰਪ੍ਰਸਤ ਕੀਤੀਆ ਗਈਆਂ ਹਨ।

